# ਕੂੜੇ ਤੇ ਕਰੇੜ

ਭਾਸ਼ਾ ਵਿਭਾਗ, ਪੰਜਾਬ ਵਲੋਂ ਇਨਾਮ-ਪ੍ਰਾਪਤ ਪੁਸਤਕ

# ਕੂੜੇ ਤੋਂ ਕਰੋੜ

[ ਖਾਦ ਬਣਾਉਣੀ ਅਤੇ ਇਸ ਦੀ ਵਰਤੋਂ ]

"ਖਾਦ ਪਵੇ ਤਾਂ ਖੇਤ, ਨਹੀਂ ਤਾਂ ਕੂੜਾ ਰੇਤ"

ਲੇਖਕ
ਸੰਤ ਰਾਮ ਵਤਸਜ

ਨੈਸ਼ਨਲ ਪਬਲਿਸ਼ਿੰਗ ਹਾਊਸ
ਦਿੱਲੀ

ਪਹਿਲੀ ਵਾਰ — ੧੯੬੮

ਮੁੱਲ — ੧-੦੦

ਪ੍ਰਕਾਸ਼ਕ

ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ–੬

2/35, ਅਨਸਾਰੀ ਰੋਡ, ਦਰਿਆ ਗੰਜ, ਦਿੱਲੀ

---

Printed at Kukreja Press, 319/11 Main Road,
Gandhi Nagar, Delhi

# ਸੂਚੀ


| | | |
|---|---|---|
| ੧. | ਖਾਦ ... ... ... | ੫ |
| ੨. | ਖਾਦ ਦੀਆਂ ਕਿਸਮਾਂ ... ... | ੯ |
| ੩. | ਕੂੜੇ ਤੋਂ ਕਰੋੜ ... ... | ੧੧ |
| ੪. | ਪਸ਼ੂਆਂ ਦਾ ਪਿਸ਼ਾਬ ... ... | ੧੪ |
| ੫. | ਖਾਦ ਪਾਉਣ ਦਾ ਢੰਗ ਤੇ ਸਮਾ ... | ੧੬ |
| ੬. | ਭੇਡ–ਬਕਰੀ ਦੀਆਂ ਮੇਂਗਣਾਂ ਦੀ ਖਾਦ ... | ੧੬ |
| ੭. | ਪੱਤਿਆਂ ਅਤੇ ਕੂੜੇ ਦੀ ਖਾਦ ... | ੧੭ |
| ੮. | ਖਾਰੀ ਮਿਟੀ ਦੀ ਖਾਦ ... ... | ੧੮ |
| ੯. | ਮੈਲੇ ਦੀ ਖਾਦ ... ... | ੧੮ |
| ੧੦. | ਹਰੀ ਖਾਦ ... ... | ੧੯ |
| ੧੧. | ਹੱਡੀ ਦੀ ਖਾਦ ... ... | ੧੯ |
| ੧੨. | ਖਲ ਦੀ ਖਾਦ ... ... | ੨੨ |
| ੧੩. | ਹੋਰ ਪ੍ਰਕਾਰ ਦੀਆਂ ਖਾਦਾਂ ... ... | ੨੪ |
| ੧੪. | ਬਹੁਤੀ ਖਾਦ ਤਿਆਰ ਕਰਨ ਦੀਆਂ ਯੋਜਨਾਵਾਂ... | ੨੬ |
| ੧੫. | ਖਾਦ ਸੰਬੰਧੀ ਕਹਾਵਤਾਂ ... ... | ੨੯ |

# ਖਾਦ

ਪੌਦੇ ਆਪਣਾ ਭੋਜਨ ਮਿੱਟੀ ਅਤੇ ਹਵਾ ਤੋਂ ਲੈ ਕੇ ਵਧਦੇ ਹਨ। ਮਿੱਟੀ ਦਾ ਜਿਹੜਾ ਭਾਗ ਪੌਦਿਆਂ ਦੇ ਵਧਣ ਅਤੇ ਫਲਣ-ਫੁਲਣ ਵਿਚ ਲਗਦਾ ਹੈ, ਉਸ ਦੇ ਖ਼ਰਚ ਹੁੰਦੇ ਰਹਿਣ ਨਾਲ ਮਿੱਟੀ ਕਮਜ਼ੋਰ ਹੋ ਜਾਂਦੀ ਹੈ ਅਤੇ ਕੁਝ ਦੇਰ ਬਾਅਦ ਪੌਦਿਆਂ ਨੂੰ ਪੂਰੀ ਖ਼ੁਰਾਕ ਪੁਚਾਉਣ ਯੋਗ ਨਹੀਂ ਰਹਿ ਜਾਂਦੀ। ਜਿਸ ਕਰ ਕੇ ਪੈਦਾਵਾਰ ਘਟ ਹੋ ਜਾਂਦੀ ਹੈ। ਇਸ ਘਾਟ ਨੂੰ ਦੂਰ ਕਰਨ ਲਈ ਖਾਦ ਦੇਣ ਦੀ ਜ਼ਰੂਰਤ ਪੈਂਦੀ ਹੈ। ਠੀਕ ਤਰ੍ਹਾਂ ਖਾਦ ਦੇਣ ਨਾਲ ਖੇਤ ਦੀ ਮਿੱਟੀ ਕਮਜ਼ੋਰ ਨਹੀਂ ਹੁੰਦੀ ਅਤੇ ਪੈਦਾਵਾਰ ਵਿਚ ਕਮੀ ਨਹੀਂ ਹੁੰਦੀ।

ਹੁਣ ਇਸ ਗੱਲ ਉਪਰ ਵਿਚਾਰ ਕਰਨੀ ਚਾਹੀਦੀ ਹੈ ਕਿ ਖਾਦ ਹੈ ਕੀ ? ਖਾਦ ਉਹ ਚੀਜ਼ ਹੈ, ਜਿਸ ਵਿਚ ਪੌਦੇ ਦੀ ਖ਼ੁਰਾਕ ਲਈ ਸਾਰੇ ਭਾਗ ਮੌਜੂਦ ਹੋਣ। ਜਿਸ ਤਰ੍ਹਾਂ ਮਨੁੱਖਾਂ ਦੇ ਜੀਊਣ ਲਈ ਭੋਜਨ ਦੀ ਅਤੇ ਬੀਮਾਰੀ ਆਦਿਕ ਵਿਚ ਦਵਾਈ ਅਤੇ ਖ਼ਾਸ ਕਿਸਮ ਦੀ ਖ਼ੁਰਾਕ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਪੌਦਿਆਂ ਨੂੰ ਵੀ ਆਪਣੀ-ਆਪਣੀ ਲੋੜ ਅਨੁਸਾਰ ਕਈ ਪ੍ਰਕਾਰ ਦੀ ਖਾਦ ਦੀ ਜ਼ਰੂਰਤ ਹੁੰਦੀ ਹੈ। ਵਖ-ਵਖ ਕੰਮਾਂ ਵਾਲੇ ਆਦਮੀਆਂ ਦਾ ਵਖ-ਵਖ ਕਿਸਮ ਦਾ ਭੋਜਨ ਹੁੰਦਾ ਹੈ। ਬੱਚਿਆਂ, ਜਵਾਨਾਂ ਅਤੇ

ਬੁੱਢਿਆਂ ਦੇ ਭੋਜਨ ਵਿਚ ਵੀ ਫ਼ਰਕ ਹੁੰਦਾ ਹੈ । ਬੱਚਾ ਸਿਰਫ਼ ਦੁੱਧ ਤੇ ਹੀ ਪਲਦਾ ਹੈ, ਪਰ ਜਵਾਨ ਨੂੰ ਅੰਨ ਦੀ ਲੋੜ ਹੁੰਦੀ ਹੈ। ਇਕ ਮਜ਼ਦੂਰ ਅਤੇ ਕਲਰਕ ਦੀ ਖ਼ੁਰਾਕ ਵਿਚ ਵੀ ਫ਼ਰਕ ਹੁੰਦਾ ਹੈ। ਇਹੋ ਗਲ ਪੌਦਿਆਂ ਅੰਦਰ ਵੀ ਹੈ ।

ਪੌਦੇ ਨੂੰ ਮੁਖ ਰੂਪ ਵਿਚ ਤਿੰਨ ਚੀਜ਼ਾਂ ਦੀ ਲੋੜ ਹੁੰਦੀ ਹੈ :— ਪਹਿਲਾ : ਨਾਈਟ੍ਰੋਜਨ, ਇਹ ਇਕ ਪ੍ਰਕਾਰ ਦੀ ਗੈਸ ਹੁੰਦੀ ਹੈ, ਨਾਈਟ੍ਰੋਜਨ ਦਾ ਬਹੁਤਾ ਭਾਗ ਹਵਾ ਵਿਚ ਹੁੰਦਾ ਹੈ ਅਤੇ ਪੌਦੇ ਕਾਫ਼ੀ ਮਾਤਰਾ ਵਿਚ ਹਵਾ ਵਿਚੋਂ ਇਸ ਨੂੰ ਪ੍ਰਾਪਤ ਕਰ ਲੈਂਦੇ ਹਨ। ਠੀਕ ਮਨੁਖਾਂ ਦੀ ਤਰ੍ਹਾਂ ਪੌਦੇ ਵੀ ਸਾਹ ਲੈਂਦੇ ਹਨ। ਉਹ ਆਪਣੇ ਪੱਤਿਆਂ ਰਾਹੀਂ ਹਵਾ ਵਿਚੋਂ ਇਸ ਗੈਸ ਨੂੰ ਚੂਸਦੇ ਹਨ, ਪਰ ਪੱਤਿਆਂ ਰਾਹੀਂ ਚੂਸੀ ਇਸ ਗੈਸ ਨੂੰ ਉਹ ਪਚਾ ਨਹੀਂ ਸਕਦੇ। ਨਾਈਟ੍ਰੋਜਨ ਦਾ ਜਿੰਨਾ ਭਾਗ ਪੌਦਿਆਂ ਦੀ ਖ਼ੁਰਾਕ ਵਿਚ ਬਦਲਦਾ ਹੈ, ਉਹ ਸਾਰੇ ਦਾ ਸਾਰਾ ਜੜ੍ਹਾਂ ਰਾਹੀਂ ਹੀ ਪ੍ਰਾਪਤ ਹੁੰਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਖੇਤ ਦੀ ਮਿੱਟੀ ਵਿਚ ਨਾਈਟ੍ਰੋਜਨ ਦਾ ਜ਼ਰੂਰੀ ਭਾਗ ਮੌਜੂਦ ਹੋਵੇ । ਪਸ਼ੂਆਂ ਦੇ ਪਿਸ਼ਾਬ ਵਿਚ ਨਾਈਟ੍ਰੋਜਨ ਦਾ ਕਾਫੀ ਹਿੱਸਾ ਹੁੰਦਾ ਹੈ। ਇਸ ਲਈ ਪਸ਼ੂਆਂ ਦੇ ਪਿਸ਼ਾਬ ਨੂੰ ਵਿਅਰਥ ਨਹੀਂ ਗੁਆਉਣਾ ਚਾਹੀਦਾ ।

ਦੂਜਾ : ਦੂਸਰੀ ਚੀਜ਼ ਪੁਟਾਸ਼ ਹੈ। ਖੇਤ ਦੀ ਮਿੱਟੀ ਵਿਚ ਪੁਟਾਸ਼ ਦੀ ਘਾਟ ਹੋਣ ਤੇ ਪੌਦੇ ਕਮਜ਼ੋਰ ਰਹਿੰਦੇ ਹਨ। ਆਮ ਤੌਰ ਤੇ ਖੇਤਾਂ ਦੀ ਮਿੱਟੀ ਵਿਚ ਪੁਟਾਸ਼ ਕਾਫ਼ੀ ਮਿਕਦਾਰ ਵਿਚ ਹੁੰਦੀ ਹੈ। ਮਿੱਟੀ ਵਿਚ ਜਿਹੜਾ ਸ਼ੋਰੇ ਦਾ ਅੰਸ਼ ਹੁੰਦਾ ਹੈ, ਇਸ ਵਿਚ ਨਾਈਟ੍ਰੋਜਨ ਅਤੇ ਪੁਟਾਸ਼ ਦੋਵੇਂ ਚੀਜ਼ਾਂ ਮਿਲੀਆਂ ਹੁੰਦੀਆਂ ਹਨ। ਚਿਕਨੀ, ਮਟਿਆਰ ਅਤੇ ਡਾਕਰ ਮਿੱਟੀ ਵਿਚ ਪੁਟਾਸ਼ ਕਾਫ਼ੀ ਹੁੰਦੀ ਹੈ ।

ਤੀਜਾ : ਤੀਸਰੀ ਜ਼ਰੂਰੀ ਚੀਜ਼ ਜਿਸ ਦੀ ਪੌਦਿਆਂ ਨੂੰ ਬਹੁਤੀ ਲੋੜ ਹੁੰਦੀ ਹੈ, ਉਹ ਫ਼ਾਸਫ਼ੋਰਸ ਹੈ । ਮਾਚਸ ਉਪਰ ਇਕ ਕਿਸਮ ਦੀ ਕਾਲੀ ਚੀਜ਼ ਹੁੰਦੀ ਹੈ, ਜਿਸ ਦੀ ਰਗੜ ਨਾਲ ਤੀਲੀ ਬਲ ਉਠਦੀ ਹੈ, ਇਹੋ ਫਾਸਫੋਰਸ ਹੈ। ਪੌਦਿਆਂ ਦੇ ਦਾਣਿਆਂ ਵਿਚ ਇਸ ਪਦਾਰਥ ਦੀ ਬਹੁਤੀ ਮਾਤਰਾ ਹੁੰਦੀ ਹੈ। ਖੇਤ ਦੀ ਮਿੱਟੀ ਵਿਚ ਜੇਕਰ ਫ਼ਾਸਫ਼ੋਰਸ ਦੀ ਘਾਟ ਹੋਵੇ ਤਾਂ ਪੌਦੇ, ਮੋਟੇ ਅਤੇ ਉੱਚੇ ਨਹੀਂ ਹੁੰਦੇ, ਪਰ ਉਨ੍ਹਾਂ ਵਿਚ ਦਾਣੇ ਖ਼ੂਬ ਹੁੰਦੇ ਹਨ। ਇਸ ਦਾ ਕਾਰਨ ਹੈ ਕਿ ਉਨ੍ਹਾਂ ਖੇਤਾਂ ਵਿਚ ਫਾਸਫੋਰਸ ਬਹੁਤੀ ਹੁੰਦੀ ਹੈ ।

ਸਾਡੇ ਦੇਸ ਦੇ ਕਿਸਾਨ ਮਿੱਟੀ ਵਿਚ ਫਾਸਫ਼ੋਰਸ ਦਾ ਭਾਗ ਵਧਾਉਣ ਵਲ ਬਿਲਕੁਲ ਧਿਆਨ ਨਹੀਂ ਦੇਂਦੇ। ਇਹੋ ਕਾਰਨ ਹੈ ਕਿ ਦਿਨੋ ਦਿਨ ਪ੍ਰਤੀ ਏਕੜ, ਉਪਜ ਘਟ ਹੁੰਦੀ ਜਾ ਰਹੀ ਹੈ। ਖੇਤ ਲਈ ਫ਼ਾਸਫ਼ੋਰਸ ਦੀ ਮਾਤਰਾ ਬਹੁਤੀ ਹੱਡੀਆਂ ਤੋਂ ਪ੍ਰਾਪਤ ਹੁੰਦੀ ਹੈ। ਪਰ ਸਾਡੇ ਦੇਸ਼ ਦੇ ਕਿਸਾਨ ਹੱਡੀਆਂ ਨੂੰ ਛੋਹਣਾ ਵੀ ਬੁਰਾ ਸਮਝਦੇ ਹਨ। ਫਲਸਰੂਪ ਕੁਝ ਨੀਵੀਆਂ ਕਹਾਉਣ ਵਾਲੀਆਂ ਜਾਤੀਆਂ ਦੇ ਲੋਕ ਹੱਡੀਆਂ ਨੂੰ ਇਕੱਠਾ ਕਰ ਕੇ ਵੇਚਦੇ ਹਨ ਅਤੇ ਉਹ ਦੂਸਰੇ ਦੇਸਾਂ ਨੂੰ ਭੇਜੀਆਂ ਜਾਂਦੀਆਂ ਹਨ। ਹੁਣ ਕੁਝ ਲੋਕਾਂ ਦਾ ਧਿਆਨ ਇਸ ਪਾਸੇ ਗਿਆ ਹੈ ਅਤੇ ਕਿਧਰੇ ਕਿਧਰੇ ਕਿਸਾਨ ਹੱਡੀਆਂ ਦਾ ਚੂਰਾ ਖੇਤਾਂ ਵਿਚ ਖਾਦ ਦੇ ਰੂਪ ਵਿਚ ਪਾਉਣ ਲਗੇ ਹਨ।

ਉਪਰ ਦਸੀਆਂ ਤਿੰਨੇ ਚੀਜ਼ਾਂ ਪੌਦਿਆਂ ਦੇ ਵਾਧੇ ਅਤੇ ਬਹੁਤਾ ਅੰਨ ਪੈਦਾ ਕਰਨ ਲਈ ਜ਼ਰੂਰੀ ਹਨ। ਕੋਈ ਵੀ ਪੌਦਾ ਇਨ੍ਹਾਂ ਤਿੰਨਾਂ ਵਿਚੋਂ ਕਿਸੇ ਇਕ ਬਿਨਾਂ ਫਲ-ਫੁਲ ਨਹੀਂ ਸਕਦਾ। ਇਸ ਲਈ ਹਰ ਕਿਸਾਨ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਤਿੰਨਾਂ ਚੀਜ਼ਾਂ ਨੂੰ ਆਪਣੇ ਖੇਤ ਵਿਚ ਵਰਤਣ। ਇਨ੍ਹਾਂ ਤਿੰਨਾਂ ਚੀਜ਼ਾਂ ਦੀ ਕਮੀ

ਤੇ ਬਹੁਲਤਾ ਨਾਲ ਖਾਦ ਦੀ ਉਪਯੋਗਤਾ ਜਾਣੀ ਜਾਂਦੀ ਹੈ। ਵਖ-ਵਖ ਫ਼ਸਲਾਂ ਲਈ, ਨ੍ਹਿਆਂ ਚੀਜ਼ਾਂ ਨੂੰ ਵਧਾ-ਘਟਾ ਕੇ ਪਾਇਆ ਜਾਂਦਾ ਹੈ। ਇਨ੍ਹਾਂ ਤਿੰਨਾਂ ਦੀ ਸਾਧਾਰਨ ਰੂਪ ਵਿਚ ਮਿਲੀ-ਜੁਲੀ ਖਾਦ ਸਾਰੀਆਂ ਫ਼ਸਲਾਂ ਵਿਚ ਪਾਈ ਜਾਂਦੀ ਹੈ।

ਚੌਥੀ ਇਕ ਹੋਰ ਚੀਜ਼ ਹੈ, ਜਿਸ ਦਾ ਖੇਤ ਵਿਚ ਹੋਣਾ ਜ਼ਰੂਰੀ ਹੈ। ਇਹ ਹੈ ਚੂਨਾ। ਵੈਸੇ ਤਾਂ ਚੂਨਾ ਥੋੜੇ ਜਿਹੇ ਪੌਦਿਆਂ ਦੀ ਖ਼ੁਰਾਕ ਦੇ ਕੰਮ ਆਉਂਦਾ ਹੈ, ਪਰ ਇਸ ਦੀ ਜ਼ਰੂਰਤ ਖੇਤ ਲਈ ਇਸ ਲਈ ਹੈ ਕਿ ਇਹ ਮਿੱਟੀ ਨੂੰ ਭੁਰਭੁਰਾ ਰਖਦਾ ਹੈ ਤਾਂ ਕਿ ਮਿੱਟੀ ਵਿਚੋਂ ਪੌਦੇ, ਆਪਣੀ ਖ਼ੁਰਾਕ ਆਸਾਨੀ ਨਾਲ ਹਾਸਲ ਕਰ ਲੈਣ, ਇਸ ਕੰਮ ਵਿਚ ਮਦਦ ਕਰਦਾ ਹੈ।

ਉਪਰ ਦਸੀਆਂ ਚੀਜ਼ਾਂ ਤੋਂ ਬਿਨਾਂ ਕੁਝ ਹੋਰ ਚੀਜ਼ਾਂ ਦੀ ਵੀ ਪੌਦਿਆਂ ਨੂੰ ਜ਼ਰੂਰਤ ਹੁੰਦੀ ਹੈ, ਪਰ ਉਹ ਮਿੱਟੀ ਵਿਚ ਕਾਫ਼ੀ ਮਿਕਦਾਰ ਵਿਚ ਹੁੰਦੀਆਂ ਹਨ, ਇਸ ਲਈ ਉਨ੍ਹਾਂ ਬਾਰੇ ਵਿਚਾਰ ਕਰਨ ਦੀ ਲੋੜ ਨਹੀਂ ਹੈ।

# ਖਾਦ ਦੀਆਂ ਕਿਸਮਾਂ

ਖਾਦ ਦੇ ਦੋ ਵਡੇ ਫ਼ਰਕ ਹੁੰਦੇ ਹਨ – ਇਕ ਸਾਧਾਰਨ ਖਾਦ ਅਤੇ ਦੂਸਰੀ ਰਸਾਇਣਕ ਖਾਦ।

ਸਾਧਾਰਨ ਖਾਦ ਵਿਚ ਹੇਠ ਲਿਖੀ ਖਾਦ ਦੀਆਂ ਕਿਸਮਾਂ ਆਉਂਦੀਆਂ ਹਨ :

੧. ਗੋਹੇ ਦੀ ਖਾਦ।
੨. ਕੂੜੇ–ਕਰਕਟ ਦੀ ਖਾਦ।
੩. ਭੇਡ–ਬਕਰੀ ਦੀਆਂ ਮੇਂਗਣਾਂ ਦੀ ਖਾਦ।
੪. ਖੱਚਰ–ਘੋੜੇ–ਗਧੇ ਦੀ ਲਿਦ ਦੀ ਖਾਦ।
੫. ਮਨੁੱਖ ਦੇ ਮੈਲੇ ਦੀ ਖਾਦ।
੬. ਪੰਛੀਆਂ ਦੀਆਂ ਵਿੱਠਾਂ ਦੀ ਖਾਦ।
੭. ਹਰਿਆਲੀ ਦੀ ਖਾਦ।
੮. ਹੱਡੀਆਂ ਦੇ ਚੂਰੇ ਦੀ ਖਾਦ।
੯. ਅੰਡੀ, ਮਹੂਏ,, ਨਿੰਮ, ਅਲਸੀ, ਸਰ੍ਹੋਂ, ਵੜੇਵੇਂ ਅਤੇ ਤਿਲ ਦੀ ਖਲ ਦੀ ਖਾਦ।

ਪੌਦੇ ਦੀ ਖ਼ੁਰਾਕ ਦੇ ਕਿਸੇ ਖ਼ਾਸ ਭਾਗ ਦੀ ਕਮੀ ਨੂੰ ਪੂਰਾ ਕਰਨ ਲਈ ਖ਼ਾਸ ਪ੍ਰਕਾਰ ਦੀ ਰਸਾਇਣਕ ਖਾਦ ਦੀ ਲੋੜ ਹੁੰਦੀ ਹੈ। ਜਿਸ ਤਰ੍ਹਾਂ ਕਿਸੇ ਮਿੱਟੀ ਵਿਚ ਫ਼ਾਸਫੋਰਸ ਦੀ ਘਾਟ ਹੋਵੇ ਤਾਂ ਉਸ ਵਿਚ ਇਹੋ ਜਿਹੀ ਖਾਦ ਪਾਉਣ ਦੀ ਲੋੜ ਹੋਵੇਗੀ, ਜਿਸ ਵਿਚ ਫਾਸਫੋਰਸ ਕਾਫ਼ੀ ਮਿਕਦਾਰ ਵਿਚ ਹੋਵੇ।

ਵਿਸ਼ੇਸ਼ ਪ੍ਰਕਾਰ ਦੀਆਂ ਖਾਦਾਂ ਵਿਚੋਂ ਬਹੁਤੀਆਂ ਖਣਿਜ

ਪਦਾਰਥਾਂ ਵਾਲੀਆਂ ਖਾਦਾਂ ਗਿਣੀਆਂ ਜਾਂਦੀਆਂ ਹਨ।

ਜਾਂ ਫਿਰ ਉਨ੍ਹਾਂ ਪਦਾਰਥਾਂ ਨੂੰ ਸਾਫ਼ ਕਰ ਕੇ ਅਤੇ ਹੋਰ ਕਈ ਚੀਜ਼ਾਂ ਮਿਲਾ ਕੇ ਬਣਾਈਆਂ ਜਾਂਦੀਆਂ ਹਨ। ਸਾਡੇ ਵਿਚਾਰ ਵਿਚ ਕਿਸਾਨਾਂ ਦੀ ਖ਼ਾਸ ਤਰ੍ਹਾਂ ਦੀਆਂ ਰਸਾਇਣਕ ਖਾਦਾਂ ਦੇ ਚਕਰ ਵਿਚ ਨਹੀਂ ਪੈਣਾ ਚਾਹੀਦਾ। ਸਾਧਾਰਨ ਖਾਦਾਂ ਨੂੰ ਹੀ ਠੀਕ ਢੰਗ ਨਾਲ ਰਖਣਾ ਅਤੇ ਲੋੜ ਅਨੁਸਾਰ ਉਨ੍ਹਾਂ ਨੂੰ ਖੇਤਾਂ ਵਿਚ ਪਾਉਣਾ ਚਾਹੀਦਾ ਹੈ।

ਖ਼ਾਸ ਕਿਸਮ ਦੀਆਂ ਰਸਾਇਣਕ ਖਾਦਾਂ ਦੇ ਕੁਝ ਨਾਂ ਹੇਠ ਲਿਖੇ ਜਾਂਦੇ ਹਨ :–

੧. ਚੂਨਾ (ਲਾਈਮ)
੨. ਸ਼ੋਰਾ (ਨਾਈਟਰ, ਸਾਲਟ ਪੀਟਰ)
੩. ਅਮੋਨੀਅਮ ਸਲਫੇਟ
੪. ਪੋਟਾਸ਼ੀਅਮ ਸਲਫੇਟ
੫. ਸੁਪਰ ਫਾਸਫੇਟ
੬. ਨਾਈਟ੍ਰੋਲੀਅਮ

# ਕੂੜੇ ਤੋਂ ਕਰੋੜ

ਇਸ ਛੋਟੀ ਜਿਹੀ ਪੁਸਤਕ ਵਿਚ ਅਸੀਂ ਸਿਰਫ਼ ਇਸ ਤਰ੍ਹਾਂ ਦੀਆਂ ਸਾਧਾਰਨ ਖਾਦਾਂ ਦਾ ਜ਼ਿਕਰ ਕਰਾਂਗੇ, ਜਿਨ੍ਹਾਂ ਨੂੰ ਕਿਸਾਨ ਪਿੰਡਾਂ ਵਿਚੋਂ ਮਿਲ ਜਾਣ ਵਾਲੀਆਂ ਚੀਜ਼ਾਂ ਤੋਂ ਬਣਾ ਸਕਦੇ ਹਨ ਅਤੇ ਖ਼ਾਸ ਕਰ ਕੇ ਉਨ੍ਹਾਂ ਚੀਜ਼ਾਂ ਵਲ ਕਿਸਾਨਾਂ ਦਾ ਧਿਆਨ ਦੁਆਵਾਂਗੇ, ਜਿਨ੍ਹਾਂ ਨੂੰ ਉਹ ਆਪਣੀ ਬੇ-ਸਮਝੀ ਅਤੇ ਆਲਸ ਕਰ ਕੇ ਵਿਅਰਥ ਹੀ ਗੁਆ ਦਿੰਦੇ ਹਨ। ਇਨ੍ਹਾਂ ਚੀਜ਼ਾਂ ਦੀ ਧਿਆਨ ਨਾਲ ਸੰਭਾਲ ਕਰਨ ਨਾਲ ਉਹ ਆਪਣੀ ਉਪਜ ਵਧਾ ਸਕਦੇ ਹਨ ਅਤੇ ਦੇਸ਼ ਨੂੰ ਅੰਨ ਦੇ ਭੰਡਾਰ ਨਾਲ ਭਰ ਸਕਦੇ ਹਨ। ਉਹ ਕੂੜਾ ਕਰਕਟ ਸਮਝ ਕੇ ਜਿਨ੍ਹਾਂ ਚੀਜ਼ਾਂ ਨੂੰ ਲਾਪਰਵਾਹੀ ਨਾਲ ਸੁਟ ਦਿੰਦੇ ਹਨ, ਉਸੇ ਨਾਲ ਦੇਸ ਦਾ ਅੰਨ ਭੰਡਾਰ ਵਧਾ ਕੇ ਕਰੋੜਾਂ ਰੁਪਏ ਪ੍ਰਾਪਤ ਕੀਤੇ ਜਾ ਸਕਦੇ ਹਨ। ਇਸ ਕੂੜੇ ਨੂੰ ਕਰੋੜਾਂ ਰੁਪਿਆਂ ਵਿਚ ਬਦਲਿਆ ਜਾ ਸਕਦਾ ਹੈ।

ਵੈਸੇ ਤਾਂ ਗੋਹੇ ਅਤੇ ਕੂੜੇ-ਕਰਕਟ ਦੀ ਖਾਦ ਦੀ ਵਰਤੋਂ ਸਾਡੇ ਦੇਸ਼ ਵਿਚ ਪੁਰਾਣੇ ਸਮੇਂ ਤੋਂ ਹੀ ਕੀਤੀ ਜਾਂਦੀ ਹੈ ਅਤੇ ਭਾਰਤ ਦਾ ਕਿਸਾਨ ਉਸ ਦੇ ਬਾਰੇ ਬਹੁਤ ਕੁਝ ਜਾਣਦਾ ਵੀ ਹੈ, ਪਰ ਫਿਰ ਵੀ ਬਹੁਤ ਸਾਰਾ ਗੋਹਿਆ, ਪਾਥੀਆਂ ਬਣਾ ਕੇ ਬਾਲਿਆ ਜਾਂਦਾ ਹੈ। ਅਤੇ ਜਿੰਨਾਂ ਖਾਦ ਦੇ ਕੰਮ ਆਉਂਦਾ ਹੈ, ਉਸ ਨੂੰ ਵੀ ਠੀਕ ਢੰਗ ਨਾਲ ਨਹੀਂ ਰਖਿਆ ਜਾਂਦਾ। ਇਸ ਲਈ ਜਿੰਨਾਂ ਲਾਭ ਹੋਣਾ ਚਾਹੀਦਾ ਹੈ, ਉਹ ਨਹੀਂ ਹੁੰਦਾ। ਕੂੜਾ-ਕਰਕਟ, ਜਿਸ ਤੋਂ ਵਧੀਆ

ਖਾਦ ਬਣਾਈ ਜਾ ਸਕਦੀ ਹੈ, ਉਹ ਵੀ ਢੇਰਾਂ ਦੇ ਢੇਰ ਐਵੇਂ ਹੀ ਪਿਆ ਰਹਿੰਦਾ ਹੈ ਅਤੇ ਸਾਰੇ ਪਿੰਡ ਵਿਚ ਗੰਦਗੀ ਫੈਲਾਉਣ ਦਾ ਕਾਰਨ ਬਣਦਾ ਹੈ।

ਗੋਹਿਆ, ਕੂੜਾ-ਕਰਕਟ, ਸੁਆਹ, ਪੱਤੇ, ਪਸ਼ੂ ਡੰਗਰਾਂ ਹੇਠ ਵਿਛਾਈ ਪਰਾਲੀ, ਪਿਸ਼ਾਬ, ਜੂਠਾ ਜਾਂ ਖ਼ਰਾਬ ਚਾਰਾ ਆਦਿਕ ਚੀਜ਼ਾਂ ਨੂੰ ਗਲਾ-ਸੜਾ ਕੇ ਜਿਹੜੀ ਖਾਦ ਬਣਾਈ ਜਾਂਦੀ ਹੈ, ਉਹੋ ਹੀ ਗੋਹੇ ਦੀ ਦੀ ਖਾਦ ਹੈ। ਇਹ ਸਾਰੀਆਂ ਚੀਜ਼ਾਂ ਕਿਸਾਨ ਦੇ ਆਪਣੇ ਘਰ ਵਿਚ ਹੁੰਦੀਆਂ ਹਨ। ਇਸ ਲਈ ਇਨ੍ਹਾਂ ਉਪਰ ਕੋਈ ਬਹੁਤਾ ਖ਼ਰਚਾ ਨਹੀਂ ਹੁੰਦਾ। ਗੋਹੇ ਦੀ ਖਾਦ ਦਾ ਵਧੀਆ-ਘਟੀਆ ਹੋਣਾ ਤਿੰਨ ਗੱਲਾਂ ਉਪਰ ਹੈ। (੧) ਪਸ਼ੂਆਂ ਦੀ ਖ਼ੁਰਾਕ ; (੨) ਪਸ਼ੂਆਂ ਦੀ ਉਮਰ ; (੩) ਖਾਦ ਰਖਣ ਦਾ ਢੰਗ।

**੧. ਪਸ਼ੂਆਂ ਦੀ ਖ਼ੁਰਾਕ—**

ਜਿਹੜੇ ਪਸ਼ੂ ਸਿਰਫ ਸੁੱਕਾ ਘਾਹ, ਪੱਤੇ ਆਦਿਕ ਖਾਂਦੇ ਹਨ. ਉਨ੍ਹਾਂ ਦੇ ਗੋਹੇ ਵਿਚ ਖਾਦ ਦੇ ਲਾਭਦਾਇਕ ਪਦਾਰਥ ਬਹੁਤ ਹੀ ਘਟ ਹੁੰਦੇ ਹਨ। ਬਰਸਾਤ ਵਿਚ ਸਿਰਫ ਹਰੀ ਘਾਹ ਚਰਣ ਵਾਲੇ ਪਸ਼ੂਆਂ ਦੇ ਗੋਹੇ ਵਿਚ ਵੀ ਖਾਦ ਦੇ ਲਾਭਦਾਇਕ ਪਦਾਰਥ ਘਟ ਹੁੰਦੇ ਹਨ। ਹਾਂ ਜਿਨ੍ਹਾਂ ਪਸ਼ੂਆਂ ਨੂੰ ਖਲ, ਤੂੜੀ, ਹਰਾ ਚਾਰਾ ਆਦਿਕ ਮਿਲਦਾ ਹੈ, ਉਨ੍ਹਾਂ ਦੇ ਗੋਹੇ ਵਿਚ ਪੌਦਿਆਂ ਲਈ ਲਾਭਦਾਇਕ ਪਦਾਰਥ ਦੀ ਮਿਕਦਾਰ ਬਹੁਤੀ ਹੁੰਦੀ ਹੈ। ਅਜਿਹੇ ਗੋਹੇ ਦੀ ਖਾਦ ਵਧੀਆ ਹੁੰਦੀ ਹੈ, ਇਸ ਲਈ ਪੌਦੇ ਬਹੁਤ ਵਧਦੇ-ਫੁਲਦੇ ਹਨ।

**੨. ਪਸ਼ੂਆਂ ਦੀ ਹਾਲਤ—**

ਜਦੋਂ ਤਕ ਪਸ਼ੂਆਂ ਦੇ ਸਰੀਰ ਵਧਦੇ ਰਹਿੰਦੇ ਹਨ, ਉਨ੍ਹਾਂ ਦੇ ਭੋਜਨ ਦਾ ਬਹੁਤ ਸਾਰਾ ਲਾਭਦਾਇਕ ਅੰਸ਼ ਉਨ੍ਹਾਂ ਦੇ ਸਰੀਰ ਦੇ

ਵਾਧੇ ਵਿਚ ਲਗ ਜਾਂਦਾ ਹੈ। ਇਸ ਲਈ ਉਨ੍ਹਾਂ ਦੇ ਗੋਹੇ ਵਿਚ ਖਾਦ ਲਈ ਲਾਭਦਾਇਕ ਪਦਾਰਥ ਬਹੁਤ ਘਟ ਰਹਿ ਜਾਂਦੇ ਹਨ।

ਬੁੱਢੇ ਪਸੂਆਂ ਦੇ ਭੋਜਨ ਦਾ ਬਹੁਤ ਘਟ ਹਿੱਸਾ ਉਨ੍ਹਾਂ ਦੇ ਸਰੀਰ ਵਿਚ ਖਪਦਾ ਹੈ, ਕਿਉਂਕਿ ਉਨ੍ਹਾਂ ਦਾ ਸਰੀਰ ਜਿੰਨਾ ਵਧਣਾ ਹੁੰਦਾ ਹੈ, ਵਧ ਚੁਕਾ ਹੁੰਦਾ ਹੈ। ਇਸ ਲਈ ਉਨ੍ਹਾਂ ਦੇ ਗੋਹੇ ਦੀ ਖਾਦ ਛੋਟੇ ਅਤੇ ਜੁਆਨ ਡੰਗਰਾਂ ਦੀ ਖਾਦ ਨਾਲੋਂ ਵਧੇਰੇ ਲਾਭਦਾਇਕ ਹੁੰਦੀ ਹੈ।

**੩. ਖਾਦ ਰਖਣ ਦਾ ਢੰਗ–**


ਖਾਦ ਨੂੰ ਰਖਣ ਦੇ ਢੰਗ ਨਾਲ ਹੀ ਇਸ ਦੀ ਸ਼ਕਤੀ ਵਧਦੀ ਜਾਂ ਘਟਦੀ ਹੈ। ਗਹਿਰਾ ਟੋਇਆ ਪੁੱਟ ਕੇ ਉਸ ਨੂੰ ਉਪਰੋਂ ਕੱਜ ਕੇ ਅਤੇ ਬਾਹਰ ਦੇ ਪਾਣੀ ਨੂੰ ਟੋਏ ਅੰਦਰ ਜਾਣੋਂ ਰੋਕਣ ਲਈ ਟੋਏ ਦੇ ਆਲੇ-ਦੁਆਲੇ ਬੰਨੀ ਬੰਨ੍ਹ ਕੇ ਖਾਦ ਰਖੀ ਜਾਏ, ਧੁੱਪ ਤੋਂ ਬਚਾਇਆ ਜਾਏ ਤਾਂ ਵਧੀਆ ਕਿਸਮ ਦੀ ਖਾਦ ਤਿਆਰ ਹੋ ਸਕਦੀ ਹੈ। ਖਾਦ ਦੇ ਟੋਏ ਨੂੰ ਧੁੱਪ ਲਗਣ ਨਾਲ ਖਾਦ ਦਾ ਲਾਭ-ਦਾਇਕ ਅੰਸ਼ (ਨਾਈਟਰੋਜਨ) ਉਡ ਜਾਂਦਾ ਹੈ। ਬਰਸਾਤੀ ਪਾਣੀ ਤੋਂ ਜੇ ਟੋਇਆ ਸੁਰੱਖਿਅਤ ਨਾ ਹੋਵੇ ਤਾਂ ਬਹੁਤ ਸਾਰੇ ਪਦਾਰਥ ਘੁਲ ਕੇ ਪਾਣੀ ਨਾਲ ਵਗ ਜਾਂਦੇ ਹਨ। ਘੋੜੇ-ਖਚਰ ਦੀ ਲਿੱਦ ਇਕ ਸਾਲ ਸੜਨ ਦੇਣੀ ਚਾਹੀਦੀ ਹੈ। ਤਾਂ ਹੀ ਇਸ ਦਾ ਪੂਰਾ ਲਾਭ ਹੁੰਦਾ ਹੈ।

•

# ਪਸ਼ੂਆਂ ਦਾ ਪੇਸ਼ਾਬ

ਪਸ਼ੂਆਂ ਦਾ ਪੇਸ਼ਾਬ ਖਾਦ ਦਾ ਇਕ ਜ਼ਰੂਰੀ ਹਿੱਸਾ ਹੈ। ਇਸ ਨੂੰ ਅਜਾਈਂ ਜਾਣ ਤੋਂ ਬਚਾਉਣਾ ਚਾਹੀਦਾ ਹੈ। ਇਹ ਗੱਲ ਖਾਸ ਤੌਰ ਤੇ ਧਿਆਨ ਦੇਣ ਯੋਗ ਹੈ ਕਿ ਗੋਹੇ ਦੀ ਥਾਂ ਪੇਸ਼ਾਬ ਵਿਚ ਪੌਦਿਆਂ ਲਈ ਲਾਭਦਾਇਕ ਪਦਾਰਥ ਵਧੇਰਾ ਹੁੰਦਾ ਹੈ।

ਜੇ ਪਸ਼ੂ-ਸ਼ਾਲਾ ਪੱਕੀ ਹੋਵੇ ਤਾਂ ਉਸ ਵਿਚ ਨਾਲੀਆਂ ਬਣਾ ਕੇ ਪਸ਼ੂਆਂ ਦੇ ਪੇਸ਼ਾਬ ਨੂੰ ਇਕ ਪੱਕੇ ਟੋਏ ਵਿਚ ਕੱਠਾ ਕਰ ਲੈਣਾ ਚਾਹੀਦਾ ਹੈ। ਜਦੋਂ ਟੋਇਆ ਭਰ ਜਾਏ ਤਾਂ ਉਸਦੇ ਵਿਚਲਾ ਪੇਸ਼ਾਬ



ਖਾਦ ਦੇ ਟੋਏ ਵਿਚ ਪਾ ਦੇਣਾ ਚਾਹੀਦਾ ਹੈ। ਜੇ ਪਸ਼ੂ-ਸ਼ਾਲਾ ਕੱਚੀ ਹੋਵੇ ਤਾਂ ਪਸ਼ੂਆਂ ਹੇਠ ਜੂਠਾ ਘਾਹ, ਪੱਤੇ, ਪਰਾਲੀ ਆਦਿਕ ਵਿਛਾ ਦੇਣੇ ਚਾਹੀਦੇ ਹਨ ਤਾਂ ਜੋ ਪੇਸ਼ਾਬ ਨੂੰ ਇਹ ਚੀਜ਼ਾਂ ਰਚਾ ਲੈਣ ਅਤੇ ਫੇਰ ਇਨ੍ਹਾਂ ਨੂੰ ਚੁੱਕ ਕੇ ਖਾਦ ਦੇ ਟੋਏ ਵਿਚ ਸੁੱਟ ਦਿਤਾ ਜਾਏ। ਇਸ ਗਲ ਦਾ ਧਿਆਨ ਰਖਣਾ ਚਾਹੀਦਾ ਹੈ ਕਿ ਪਸ਼ੂਆਂ ਹੇਠ ਵਿਛਾਉਣੇ ਦੇ ਰੂਪ ਵਿਚ ਜਿਹੜਾ ਘਾਹ ਪੱਠਾ ਸੁਟਿਆ ਜਾਏ ਉਸ ਵਿਚ ਬੀਜ ਬਿਲਕੁਲ ਨਾ ਹੋਵੇ। ਨਹੀਂ, ਤਾਂ ਉਹ ਖਾਦ ਨਾਲ ਖੇਤ ਵਿਚ ਜਾ ਕੇ ਉਗ ਪੈਣਗੇ। ਅਤੇ ਬਹੁਤ ਗੋਡੀ ਕਰਨੀ ਪਵੇਗੀ। ਜੇ ਪਸ਼ੂਆਂ ਹੇਠ ਵਿਛਾਉਣ ਲਈ ਘਾਹ ਪੱਤਾ ਨਾ ਮਿਲੇ ਤਾਂ ਮਿੱਟੀ ਵਿਛਾ ਦੇਣੀ ਚਾਹੀਦੀ ਹੈ। ਅਤੇ ਜਦੋਂ ਮਿੱਟੀ ਬਹੁਤ ਭਿਜ ਜਾਏ ਤਾਂ ਉਸ ਨੂੰ ਚੁਕ ਕੇ ਗੋਹੇ ਦੇ ਟੋਏ ਵਿਚ ਸੁਟ ਦੇਣਾ ਚਾਹੀਦਾ ਹੈ।

ਜਦੋਂ ਖਾਦ ਦਾ ਟੋਇਆ ਭਰ ਜਾਏ ਤਾਂ ਉਸ ਉਪਰ ਮਿੱਟੀ ਦੀ ਮੋਟੀ ਤਹਿ ਲਾ ਕੇ ਕੱਜ ਦੇਣਾ ਚਾਹੀਦਾ ਹੈ। ਇਸ ਢੰਗ ਨਾਲ ਰਖੀ ਹੋਈ ਖਾਦ ਛੇ ਮਹੀਨੇ ਵਿਚ ਤਿਆਰ ਹੋ ਜਾਂਦੀ ਹੈ ਅਤੇ ਖੇਤ ਵਿਚ ਪਾਉਣ ਯੋਗ ਹੁੰਦੀ ਹੈ।

•

## ਖਾਦ ਪਾਉਣ ਦਾ ਢੰਗ ਅਤੇ ਸਮਾਂ

ਖਾਦ ਨੂੰ ਖੇਤ ਵਿਚ ਇਕੋ ਜਿਹਾ ਖਿਲੇਰਨਾ ਚਾਹੀਦਾ ਹੈ ਅਤੇ ਖਿਲੇਰਨ ਮਗਰੋਂ ਖੇਤ ਨੂੰ ਝੱਟ ਵਾਹੁਣਾ ਚਾਹੀਦਾ ਹੈ। ਇੰਜ ਖਾਦ ਚੰਗੀ ਤਰ੍ਹਾਂ ਮਿੱਟੀ ਵਿਚ ਮਿਲ ਜਾਂਦੀ ਹੈ। ਖਾਦ ਖੇਤ ਵਿਚ ਖਿਲਰੀ ਰਹੇ ਅਤੇ ਖੇਤ ਨੂੰ ਵਾਹਿਆ ਨਾ ਜਾਏ ਤਾਂ ਧੁੱਪ ਅਤੇ ਹਵਾ ਨਾਲ ਖਾਦ ਦੇ ਲਾਭਦਾਇਕ ਪਦਾਰਥ ਉਡ ਜਾਂਦੇ ਹਨ ਅਤੇ ਮੀਂਹ ਪੈਣ ਤੇ ਖਾਦ ਵਗ ਕੇ ਨਸ਼ਟ ਹੋ ਜਾਂਦੀ ਹੈ।

ਖਾਦ ਪਾਉਣ ਦਾ ਠੀਕ ਸਮਾਂ ਪਹਿਲੀ ਜੁਤਾਈ ਤੋਂ ਮਗਰੋਂ ਅਤੇ ਬਿਜਾਈ ਤੋਂ ਪਹਿਲਾਂ ਦਾ ਹੁੰਦਾ ਹੈ। ਇਸ ਸਮੇਂ ਖਾਦ ਪਾਉਣ ਨਾਲ ਇਹ ਖੇਤ ਦੀ ਮਿੱਟੀ ਵਿਚ ਚੰਗੀ ਤਰ੍ਹਾਂ ਮਿਲ ਜਾਂਦੀ ਹੈ। ਪੌਦਿਆਂ ਦੀ ਲੋੜ ਵੇਲੇ ਲੁੜੀਂਦੀ ਖ਼ੁਰਾਕ ਮਿਲ ਜਾਂਦੀ ਹੈ।

ਕੁਝ ਖਾਦਾਂ ਫਸਲ ਦੇ ਵਾਧੇ ਸਮੇਂ, ਕੁਝ ਗੋਡੀ ਸਮੇਂ ਅਤੇ ਕੁਝ ਪੌਦਿਆਂ ਨੂੰ ਦਾਣੇ ਪੈਣ ਸਮੇਂ ਦਿਤੀਆਂ ਜਾਂਦੀਆਂ ਹਨ।

•

## ਭੇਡ-ਬੱਕਰੀ ਦੀਆਂ ਮੇਂਗਣਾਂ ਦੀ ਖਾਦ

ਸਭ ਖਾਦਾਂ ਵਿਚ ਭੇਡ-ਬੱਕਰੀ ਦੀ ਮੇਂਗਣਾਂ ਦੀ ਖਾਦ ਵਧੇਰੇ ਲਾਭਦਾਇਕ ਹੁੰਦੀ ਹੈ। ਪਰ ਘਟ ਮਿਲਣ ਅਤੇ ਮਹਿੰਗੀ ਹੋਣ ਕਾਰਨ ਇਹ ਖਾਦ ਕੇਵਲ ਕੀਮਤੀ ਫਸਲਾਂ ਨੂੰ ਹੀ ਦਿਤੀ ਜਾਂਦੀ

ਹੈ। ਮੇਂਗਣਾਂ ਦੀ ਖਾਦ ਕੁੱਟ ਕੇ, ਅਤੇ ਬਰੀਕ ਕਰ ਕੇ ਦੇਣੀ ਠੀਕ ਹੈ। ਭੇਡਾਂ-ਬੱਕਰੀਆਂ ਨੂੰ ਵਾਹੇ ਹੋਏ ਖੇਤਾਂ ਵਿਚ ਰਾਤ ਨੂੰ ਬਿਠਾਉਣ ਦਾ ਵੀ ਰਿਵਾਜ ਹੈ। ਦਿਨ ਭਰ ਚਰ-ਚੁਗ ਕੇ ਰਾਤ ਨੂੰ ਖੇਤ ਵਿਚ ਉਹ ਜਿਹੜੀਆਂ ਮੇਂਗਣਾਂ ਕਰਦੀਆਂ ਹਨ ਉਹ ਮਿੱਟੀ ਵਿਚ ਮਿਲ ਕੇ ਖੇਤ ਨੂੰ ਉਪਜਾਊ ਬਣਾਉਂਦੀਆਂ ਹਨ । ਭੇਡ-ਬੱਕਰੀ ਨੂੰ ਖੇਤ ਵਿਚ ਬਿਠਾਉਣ ਦਾ ਦੂਜਾ ਲਾਭ ਇਹ ਹੁੰਦਾ ਹੈ ਕਿ ਉਹ ਖੇਤ ਦਾ ਘਾਹ-ਬੂਟ ਖਾ ਲੈਂਦੀਆਂ ਹਨ ਅਤੇ ਕਿਸਾਨ ਨੂੰ ਗੋਡੀ ਘਟ ਕਰਨੀ ਪੈਂਦੀ ਹੈ ।

•

## ਪੱਤਿਆਂ ਤੇ ਕੂੜੇ ਦੀ ਖਾਦ

ਪਿੰਡ ਵਿਚ ਅਤੇ ਆਲੇ-ਦੁਆਲੇ ਆਮ ਤੌਰ ਤੇ ਬਾਗਾਂ ਤੇ ਰੁੱਖ ਆਦਿਕ ਹੁੰਦੇ ਹਨ । ਪੱਤ-ਝੜ ਦੇ ਦਿਨਾਂ ਵਿਚ ਦਰਖਤਾਂ ਦੇ ਸੁੱਕ ਕੇ ਝੜੇ ਪੱਤੇ ਕਠੇ ਕਰਨੇ ਚਾਹੀਦੇ ਹਨ । ਇਨ੍ਹਾਂ ਪੱਤਿਆਂ ਨੂੰ ਖਾਦ ਦੇ ਟੋਏ ਵਿਚ ਪਾ ਕੇ ਸੜਕ ਦੇਣ ਨਾਲ ਬੜੀ ਲਾਭਦਾਇਕ ਖਾਦ ਤਿਆਰ ਹੁੰਦੀ ਹੈ। ਗੰਦ-ਕੂੜਾ, ਵਿਛਾਉਣ ਵਾਲੇ ਪੱਤੇ, ਘਾਹ ਤੇ ਪਰਾਲੀ ਆਦਿਕ ਵੀ ਗੋਹੇ ਦੇ ਟੋਏ ਵਿਚ ਸਾੜਨ ਨਾਲ ਲਾਭ-ਦਾਇਕ ਖਾਦ ਬਣ ਜਾਂਦੀ ਹੈ।

# ਖਰੀ ਮਿੱਟੀ ਦੀ ਖਾਦ

ਖਾਰੀ ਮਿੱਟੀ ਨੂੰ ਲੂਣੀ ਮਿਟੀ ਜਾਂ ਸ਼ੋਰਾ ਵੀ ਕਹਿੰਦੇ ਹਨ। ਛਪੜਾਂ, ਨਹਿਰਾਂ ਦੇ ਕੰਢੇ ਜਿਹੜੀ ਮਿੱਟੀ ਫੁਲ ਕੇ ਚਿੱਟੀ ਹੋ ਜਾਂਦੀ ਹੈ ਉਸ ਨੂੰ ਇਹੋ ਨਾਂ ਦਿਤੇ ਜਾਂਦੇ ਹਨ। ਇਸ ਨੂੰ ਰੇਹ ਵੀ ਕਹਿੰਦੇ ਹਨ। ਧੋਬੀ ਇਸ ਨੂੰ ਕਪੜੇ ਧੋਣ ਲਈ ਵੀ ਵਰਤਦੇ ਹਨ। ਜਿਥੋਂ ਦੀ ਧਰਤੀ ਵਿਚ ਸ਼ੋਰੇ ਦੀ ਘਾਟ ਹੋਵੇ ਉਥੇ ਇਹ ਮਿੱਟੀ ਪਾਉਣ ਨਾਲ ਲਾਭ ਹੁੰਦਾ ਹੈ। ਖਾਰੀ ਮਿੱਟੀ ਦੀ ਖਾਦ ਰੱਕੜ ਖੇਤਾਂ ਵਿਚ ਪਾਈ ਜਾਂਦੀ ਹੈ। ਪਹਿਲਾਂ ਸਿੰਜ ਕੇ ਮਗਰੋਂ ਖਾਰੀ ਮਿੱਟੀ ਦੀ ਸਿੰਚਾਈ ਜ਼ਰੂਰੀ ਹੈ। ਪਹਿਲਾਂ ਸਿੰਜ ਕੇ ਮਗਰੋਂ ਖਾਰੀ ਮਿੱਟੀ ਦੀ ਖਾਦ ਪਾਉਣੀ ਵੀ ਠੀਕ ਹੈ।

•

# ਮੈਲੇ ਦੀ ਖਾਦ

ਮਨੁੱਖ ਦਾ ਪੇਸ਼ਾਬ ਤੇ ਪਖ਼ਾਨਾ ਦੋਵੇਂ ਹੀ ਚੰਗੀ ਖਾਦ ਦਾ ਕੰਮ ਦੇਂਦੇ ਹਨ। ਸ਼ਹਿਰਾਂ ਦੀਆਂ ਮਿਊਂਸਪਲ ਕਮੇਟੀਆਂ ਸ਼ਹਿਰੋਂ ਬਾਹਰ ਖੱਤਿਆਂ ਵਿਚ ਕੱਠਾ ਕਰਾਉਂਦੀਆਂ ਹਨ ਅਤੇ ਇਸ ਦੀ ਵਿਕਰੀ ਨਾਲ ਉਨ੍ਹਾਂ ਨੂੰ ਬਹੁਤ ਲਾਭ ਹੁੰਦਾ ਹੈ।

ਆਮ ਤੌਰ ਤੇ ਸਾਡੇ ਦੇਸ਼ ਦੇ ਕਿਸਾਨ ਪਖ਼ਾਨੇ ਦੀ ਖਾਦ ਨਹੀਂ ਵਰਤਦੇ। ਇਸ ਵਿਚ ਤੇਜ਼ ਬਦਬੂ ਹੁੰਦੀ ਹੈ ਅਤੇ ਕਿਸਾਨ ਇਸ ਨੂੰ ਹਥ ਲਾਉਣਾ ਨਹੀਂ ਚਾਹੁੰਦੇ ਪਰ ਇਹ ਬੜੇ ਕੰਮ ਦੀ ਚੀਜ਼ ਹੁੰਦੀ ਹੈ।

## ਹਰੀ ਖਾਦ

ਜਿਨ੍ਹਾਂ ਖੇਤਾਂ ਵਿਚ ਖਾਦ ਪੁਚਾਉਣੀ ਔਖੀ ਹੋਵੇ ਜਾਂ ਜਿਥੇ ਬਹੁਤੀ ਖਾਦ ਦੀ ਲੋੜ ਹੋਵੇ ਉਥੇ ਹਰੀ ਖਾਦ ਪਾਉਂਦੇ ਹਨ। ਇਸ ਦਾ ਢੰਗ ਇਹ ਹੈ: ਖੇਤ ਵਿਚ ਸਨ, ਮਟਰ, ਗੁਆਰ ਜਾਂ ਨੀਲ ਆਦਿਕ ਦੀ ਫਸਲ ਬੀਜੀ ਜਾਂਦੀ ਹੈ ਅਤੇ ਤਿਆਰ ਹੋਣ ਤੇ ਉਸ ਨੂੰ ਕੱਟ ਕੇ ਉਨ੍ਹਾਂ ਹੀ ਖੇਤਾਂ ਵਿਚ ਛਡ ਦਿਤਾ ਜਾਂਦਾ ਹੈ। ਇਹੋ ਹਰੀ ਖਾਦ ਹੈ। ਇਸ ਤੋਂ ਮਗਰੋਂ ਜਿਹੜੀ ਫਸਲ ਬੀਜੀ ਜਾਵੇ ਉਸ ਦੀ ਉਪਜ ਬਹੁਤ ਹੁੰਦੀ ਹੈ।

•

## ਹੱਡੀ ਦੀ ਖਾਦ

ਹੱਡੀ ਦੀ ਖਾਦ ਫਸਲ ਲਈ ਬਹੁਤ ਲਾਭਦਾਇਕ ਹੈ। ਪਰ ਸਾਡੇ ਦੇਸ਼ ਵਿਚ ਬਹੁਤ ਹੀ ਘਟ ਇਹ ਖਾਦ ਵਰਤੀ ਜਾਂਦੀ ਹੈ। ਹੁਣ ਤੱਕ ਹੱਡੀਆਂ ਭਾਰਤ ਵਿਚੋਂ ਬਾਹਰ ਭੇਜੀਆਂ ਜਾਂਦੀਆਂ ਸਨ।



ਪਰ ਹੁਣ ਇਸ ਪਾਸੇ ਧਿਆਨ ਦਿਤਾ ਜਾਣ ਲਗਾ ਹੈ।

ਹੱਡੀ ਦੀ ਖਾਦ ਹੇਠ ਲਿਖੇ ਢੰਗ ਨਾਲ ਦਿਤੀ ਜਾਂਦੀ ਹੈ।

੧. ਹੱਡੀਆਂ ਨੂੰ ਪੀਸ ਕੇ ਚੂਰਾ ਬਣਾਇਆ ਜਾਂਦਾ ਹੈ ਅਤੇ ਉਸ ਨੂੰ ਖੇਤ ਵਿਚ ਖਿਲੇਰ ਦਿਤਾ ਜਾਂਦਾ ਹੈ। ਗੋਹੇ ਦੀ ਖਾਦ ਨਾਲ ਮਿਲਾ ਕੇ ਵੀ ਦਿਤਾ ਜਾਂਦਾ ਹੈ।

੨. ਹੱਡੀਆਂ ਨੂੰ ਸਾੜ ਅਤੇ ਪੀਹ ਕੇ ਖਾਦ ਵਜੋਂ ਵਰਤਦੇ ਹਨ।

ਇਸ ਨੂੰ ਫਸਲ ਬੀਜਣ ਤੋਂ ਪਹਿਲਾਂ ਖੇਤ ਵਿਚ ਪਾਉਣਾ ਚਾਹੀਦਾ ਹੈ। ਹੱਡੀ ਜਿੰਨੀ ਬਰੀਕ ਪੀਸੀ ਹੋਵੇਗੀ ਉਨਾ ਹੀ ਵਧ ਲਾਭ ਹੋਵੇਗਾ।

ਮਿੱਠੇ ਫਲਦਾਰ ਦਰਖਤਾਂ ਲਈ ਹੱਡੀ ਦੀ ਖਾਧ ਖ਼ਾਸਤੌਰ ਤੇ

ਲਾਭਦਾਇਕ ਹੁੰਦੀ ਹੈ । ਇਕ ਵਾਰ ਇਹ ਖਾਦ ਦੇਣ ਨਾਲ ਕਈ ਸਾਲ ਕੰਮ ਦੇਂਦੀ ਹੈ। ਇਸ ਨਾਲ ਦਰਖਤਾਂ ਨੂੰ ਖ਼ੂਬ ਫਲ ਲਗਦੇ ਹਨ ਅਤੇ ਇਹ ਮਿੱਠੇ ਵੀ ਵਧ ਹੁੰਦੇ ਹਨ ।

•

# ਖਲ ਦੀ ਖਾਦ

ਖਲ ਦੀ ਖਾਦ ਪੌਦਿਆਂ ਲਈ ਬਹੁਤ ਲਾਭਦਾਇਕ ਹੁੰਦੀ ਹੈ। ਨਿੰਮ, ਮਹੂਆ ਅਤੇ ਆਰਿੰਡ ਦੀ ਖਾਦ ਪਸ਼ੂਆਂ ਨੂੰ ਪਾਉਣ ਦੇ ਕੰਮ ਨਹੀਂ ਆਉਂਦੀ। ਇਸ ਲਈ ਇਸ ਦੀ ਵਰਤੋਂ ਖਾਦ ਲਈ ਕੀਤੀ ਜਾਣੀ ਚਾਹੀਦਾ ਹੈ।

ਅਲਸੀ, ਸਰ੍ਹੋਂ ਅਤੇ ਵੜੇਵੇਂ ਦੀ ਖਲ ਪਸ਼ੂਆਂ ਨੂੰ ਖੁਆਉਣ ਦੇ ਕੰਮ ਆਉਂਦੀ ਹੈ। ਚੰਗਾ ਇਹੋ ਹੈ ਕਿ ਇਹ ਪਸ਼ੂਆਂ ਨੂੰ ਹੀ ਪਾਈ ਜਾਏ। ਇਸ ਦੇ ਦੋ ਲਾਭ ਹਨ। ਇਕ ਤਾਂ ਇਹ ਕਿ ਪਸ਼ੂ ਤਕੜੇ ਹੋ ਜਾਂਦੇ ਹਨ ਅਤੇ ਵਧੇਰਾ ਕੰਮ ਕਰ ਸਕਦੇ ਹਨ। ਦੋਧਲ ਪਸ਼ੂ ਇਹ ਖਲ ਖਾ ਕੇ ਵਧ ਦੁੱਧ ਦੇਂਦੇ ਹਨ। ਦੂਸਰਾ ਲਾਭ ਇਹ ਹੈ ਕਿ ਖਲ ਖਾਣ ਵਾਲੇ ਪਸ਼ੂਆਂ ਦਾ ਗੋਹਾ ਵੀ ਬਹੁਤਾ ਲਾਭਦਾਇਕ ਹੁੰਦਾ ਹੈ।

ਖਲ ਨੂੰ ਬਰੀਕ ਕੁਟ ਲੈਣਾ ਚਾਹੀਦਾ ਹੈ। ਸਾਰੀ ਖਾਦ ਖੇਤ ਵਿਚ ਇਕੋ ਵਾਰ ਨਹੀਂ ਦੇਣੀ ਚਾਹੀਦੀ ਸਗੋਂ ਦੋ-ਤਿੰਨ ਵਾਰ ਦੇਣੀ ਚਾਹੀਦੀ ਹੈ।

ਪੌਦੇ ਦੀ ਜੜ੍ਹ ਦੇ ਪਾਸ ਖੁਰਪੀ ਨਾਲ ਖੋਦ ਕੇ ਖਲ ਦੀ ਖਾਦ ਪਾ ਕੇ, ਉਪਰੋਂ ਮਿਟੀ ਪਾ ਦੇਣੀ ਚਾਹੀਦੀ ਹੈ।

ਖਲ ਦੀ ਖਾਦ ਫਲਦਾਰ ਦਰਖਤਾਂ ਅਤੇ ਕੀਮਤੀ ਸਬਜ਼ੀਆਂ ਲਈ ਬਹੁਤੀ ਲਾਭਦਾਇਕ ਹੁੰਦੀ ਹੈ, ਉਂਜ ਵੀ ਘਟ ਅਤੇ ਮਹਿੰਗੀ

ਮਿਲਣ ਕਰ ਕੇ ਇਸ ਦੀ ਖੁਲ੍ਹੀ ਤਰ੍ਹਾਂ ਵਰਤੋਂ ਨਹੀਂ ਕੀਤੀ ਜਾ ਸਕਦੀ।

ਸੁਆਹ, ਤਲਾ ਦੀ ਮਿੱਟੀ, ਚਿੱਕੜ, ਲੱਕੜ ਦਾ ਬੂਰਾ ਆਦਿਕ ਵਸਤਾਂ ਨੂੰ ਵੀ ਖਾਦ ਲਈ ਵਰਤਿਆ ਜਾ ਸਕਦਾ ਹੈ।

•

# ਹੋਰ ਪਰਕਾਰ ਦੀਆਂ ਖਾਦਾਂ

ਸੁਆਹ ਵਿਚ ਖਾਸ ਗੁਣ ਇਹ ਹੈ ਕਿ ਇਸ ਨੂੰ ਖੇਤ ਵਿਚ ਪਾਉਣ ਨਾਲ ਪੌਦੇ ਦੇ ਭੋਜਨ ਦੇ ਜਿੰਨੇ ਪਦਾਰਥ ਹੁੰਦੇ ਹਨ, ਉਹ ਅਜਿਹਾ ਰੂਪ ਧਾਰ ਲੈਂਦੇ ਹਨ ਕਿ ਪੌਦਾ ਆਸਾਨੀ ਨਾਲ ਉਨ੍ਹਾਂ ਨੂੰ ਪ੍ਰਾਪਤ ਕਰ ਲੈਂਦਾ ਹੈ। ਸੁਆਹ ਆਪ ਵੀ ਸਾਰੀ ਦੀ ਸਾਰੀ ਪੌਦੇ ਦੇ ਭੋਜਨ ਦਾ ਕੰਮ ਦੇਂਦੀ ਹੈ। ਸੁਆਹ ਨਾਲ ਚੀਕਣੀ ਮਿੱਟੀ ਭੁਰਭੁਰੀ ਹੋ ਜਾਂਦੀ ਹੈ। ਪੌਦਿਆਂ ਉਪਰ ਸੁਆਹ ਧੂੜਣ ਨਾਲ ਵੀ ਲਾਭ ਹੁੰਦਾ ਹੈ। ਕਈ ਕੀੜੇ ਪੱਤੇ ਖਾ ਕੇ ਪੌਦਿਆਂ ਨੂੰ ਨੁਕਸਾਨ ਪੁਚਾਉਂਦੇ ਹਨ, ਸੁਆਹ ਧੂੜਣ ਨਾਲ ਉਹ ਮਰ ਜਾਂਦੇ ਹਨ। ਸੁਆਹ ਪੌਦਿਆਂ ਦੇ ਭੋਜਨ ਦਾ ਕੰਮ ਵੀ ਕਰਦੀ ਹੈ ਅਤੇ ਦੁਆਈ ਦਾ ਵੀ।

ਛਪੜ ਦੀ ਮਿੱਟੀ ਵਿਚ ਵੀ ਪੌਦਿਆਂ ਲਈ ਲਾਭਦਾਇਕ ਪਦਾਰਥ ਹੁੰਦਾ ਹੈ। ਛਪੜ ਦੀ ਮਿੱਟੀ ਵਿਚ ਇਹ ਪਦਾਰਥ ਪਾਣੀ ਵਿਚੋਂ ਨਿੱਤਰ ਕੇ ਥਲੇ ਬਹਿ ਜਾਂਦੇ ਹਨ। ਛਪੜ ਅਤੇ ਤਲਾ ਦੀ ਮਿੱਟੀ ਬੜੀ ਚੀਕਣੀ ਹੁੰਦੀ ਹੈ। ਜੇ ਇਹ ਮਿੱਟੀ ਰੇਤਲੀ ਮਿੱਟੀ ਵਾਲੇ ਖੇਤ ਵਿਚ ਪਾਈ ਜਾਵੇ ਤਾਂ ਦੂਹਰਾ ਲਾਭ ਹੁੰਦਾ ਹੈ।

ਚਿੱਕੜ ਦੀ ਵਰਤੋਂ ਵੀ ਖਾਦ ਦੇ ਰੂਪ ਵਿਚ ਕੀਤੀ ਜਾਂਦੀ ਹੈ। ਪਰ ਇਸ ਨਾਲ ਨੁਕਸਾਨ ਦਾ ਡਰ ਵੀ ਰਹਿੰਦਾ ਹੈ। ਇਸ ਦੀ ਵਰਤੋਂ ਸੋਚ ਸਮਝ ਕੇ ਜਾਂ ਇਕ ਦੋ ਵਾਰ ਤਜਰਬਾ ਕਰ ਕੇ ਹੀ ਕਰਨੀ ਚਾਹੀਦੀ ਹੈ।

**ਲੱਕੜ ਦਾ ਬੂਰਾ**–ਬੂਰੇ ਦੀ ਵਰਤੋਂ ਵੀ ਖਾਦ ਲਈ ਕੀਤੀ ਜਾ ਸਕਦੀ ਹੈ। ਪਰ ਨਾ ਤਾਂ ਇਹ ਬਹੁਤਾ ਤੇ ਨਾ ਹੀ ਹਰ ਥਾਂ

ਮਿਲਦਾ ਹੈ। ਪਰ ਜਿਥੇ ਲੱਕੜ ਦੀ ਚਿਰਾਈ ਦਾ ਕੰਮ ਹੁੰਦਾ ਹੋਵੇ ਉਥੇ ਇਹ ਕਾਫ਼ੀ ਮਿਲ ਜਾਂਦਾ ਹੈ। ਫੇਰ ਵੀ ਏਨਾ ਨਹੀਂ ਮਿਲਦਾ ਕਿ ਇਸੇ ਤੋਂ ਹੀ ਖਾਦ ਦਾ ਕੰਮ ਲਿਆ ਜਾ ਸਕੇ।

ਲੱਕੜ ਦਾ ਬੂਰਾ ਵੀ ਗੋਹੇ ਦੀ ਖਾਦ ਨਾਲ ਮਿਲਾ ਕੇ ਪਾਉਣਾ ਚਾਹੀਦਾ ਹੈ। ਜੇ ਉਂਜ ਵੀ ਇਹ ਖੇਤ ਵਿਚ ਪਾਇਆ ਜਾਏ ਤਾਂ ਵੀ ਲਾਭ ਹੁੰਦ ਹੈ। ਇਹ ਖੇਤ ਦੀ ਗਿਲ ਨੂੰ ਸੁੱਕਣ ਨਹੀਂ ਦਿੰਦਾ ਅਤੇ ਗਿਲਾ ਹੋ ਕੇ ਆਪ ਗਲ ਜਾਂਦਾ ਹੈ। ਇਹ ਗੱਲ ਠੀਕ ਹੈ ਕਿ ਇਸ ਨੂੰ ਗਲਣ ਵਿਚ ਕੁਝ ਸਮਾਂ ਲਗ ਜਾਂਦਾ ਹੈ।

•

# ਬਹੁਤੀ ਖਾਦ ਤਿਆਰ ਕਰਨ ਦੀਆਂ ਯੋਜਨਾਵਾਂ

ਭਾਰਤ ਸਰਕਾਰ ਦੇ ਖੇਤੀ ਬਾੜੀ ਦੇ ਮਹਿਕਮੇ ਨੇ ਬਹੁਤੀ ਖਾਦ ਤਿਆਰ ਕਰਨ ਦੀਆਂ ਕਈ ਯੋਜਨਾਵਾਂ ਬਣਾਈਆਂ ਹਨ।

ਇਨ੍ਹਾਂ ਯੋਜਨਾਵਾਂ ਵਿਚ ਕਿਸਾਨਾਂ ਨੂੰ ਖਾਦ ਸਬੰਧੀ – ਇਸ ਨੂੰ ਤਿਆਰ ਕਰਨ ਅਤੇ ਖੇਤਾਂ ਵਿਚ ਇਸ ਦੀ ਵਰਤੋਂ ਸਬੰਧੀ – ਵਾਕਫ਼ੀ ਕਰਾਈ ਜਾਵੇਗੀ। ਇਸ ਨਾਲ ਜਿਥੇ ਕਿਸਾਨਾਂ ਨੂੰ ਲਾਭ ਹੋਵੇਗਾ ਉਨ੍ਹਾਂ ਦੀ ਵਾਕਫ਼ੀ ਵਧੇਗੀ ਅਤੇ ਪੈਦਾਵਾਰ ਵੀ, ਉਥੇ ਦੇਸ ਵਿਚ ਅਨਾਜ ਦੀ ਘਾਟ ਨਹੀਂ ਰਹੇਗੀ। ਯੋਜਨਾ ਨੂੰ ਪੂਰਾ ਕਰਨ ਨਾਲ ਅੰਨ ਦੀ ਪੈਦਾਵਾਰ ਘਟ ਤੋਂ ਘਟ ਸਵਾਈ ਜ਼ਰੂਰ ਹੋ ਜਾਵੇਗੀ।

ਇਨ੍ਹਾਂ ਯੋਜਨਾਵਾਂ ਵਿਚ ਇਸ ਗੱਲ ਦੀ ਕੋਸ਼ਸ਼ ਕੀਤੀ ਜਾਵੇਗੀ ਕਿ ਪਿੰਡਾਂ ਵਿਚ ਵਧ ਤੋਂ ਵਧ ਖਾਦ ਤਿਆਰ ਕੀਤੀ ਜਾਵੇ। ਇਸ ਦੇ ਲਈ ਪਿੰਡਾਂ ਵਿਚ ਮੈਲੇ, ਗੋਹਾ, ਕੂੜਾ-ਕਰਕਟ ਆਦਿਕ ਦੀ ਵਰਤੋਂ ਕੀਤੀ ਜਾਵੇਗੀ। ਜਿਥੇ ਜ਼ਰੂਰਤ ਹੋਈ, ਉਥੇ ਖੇਤਾਂ ਵਿਚ ਹਰੀ ਖਾਦ ਦੇਣ ਉਪਰ ਜ਼ੋਰ ਦਿੱਤਾ ਜਾਵੇਗਾ।

ਸਰਕਾਰ ਸਭ ਤੋਂ ਪਹਿਲਾਂ ਖਾਦ ਤਿਆਰ ਕਰਨ ਦੇ ਤਰੀਕਿਆਂ ਵਿਚ ਸੁਧਾਰ ਕਰੇਗੀ।

ਹੁਣ ਤਕ ਪਿੰਡਾਂ ਵਿਚ ਇਕ ਪਸ਼ੂ ਦੇ ਗੋਹੇ ਤੋਂ ਜਿੰਨੀ ਖਾਦ ਤਿਆਰ ਹੁੰਦੀ ਹੈ, ਉਸ ਨੂੰ ਵਧਾ ਕੇ ਢਾਈ ਗੁਣਾਂ ਕੀਤੀ ਜਾਵੇਗੀ। ਹੁਣ ਤਕ ਪਿੰਡਾਂ ਵਿਚ ਜਿਹੜੀ ਖਾਦ ਤਿਆਰ ਹੁੰਦੀ ਹੈ, ਉਸ ਵਿਚ ਨਾਈਟ੍ਰੋਜਨ ਗੈਸ ਬਹੁਤ ਘਟ ਹੁੰਦੀ ਹੈ। ਸੁਧਾਰੀ ਹੋਈ ਖਾਦ ਵਿਚ ਉਸ ਦੀ ਮਾਤਰਾ ਵਧੇਰੇ ਹੋਵੇਗੀ। ਨਾਈਟ੍ਰੋਜਨ ਵਧੀਕ ਹੋਣ ਨਾਲ ਉਸ ਦਾ ਖੇਤੀ ਉਪਰ ਚੰਗਾ ਅਸਰ ਪਵੇਗਾ।

ਖਾਦ ਬਣਾਉਣ ਦੇ ਸੁਧਰੇ ਹੋਏ ਤਰੀਕੇ ਸਿਖਾਉਣ ਲਈ ਸਰਕਾਰ ਨੇ, ਸਾਰੇ ਪ੍ਰਦੇਸ਼ਾਂ ਦੇ ਖੇਤੀ-ਬਾੜੀ ਦੇ ਮਹਿਕਮੇ ਵਿਚ ਕੰਮ ਕਰਨ ਵਾਲਿਆਂ. ਗ੍ਰਾਮ-ਸੇਵਕਾਂ ਅਤੇ ਚੁਣੇ ਹੋਏ ਕਿਸਾਨਾਂ ਨੂੰ ਕੰਮ ਸਿਖਾਉਣ ਦਾ ਪ੍ਰੋਗਰਾਮ ਬਣਾਇਆ ਹੈ। ਪਹਿਲਾਂ ਪ੍ਰਦੇਸ਼ਾਂ ਦੇ ਖੇਤੀ-ਬਾੜੀ ਦੇ ਮਹਿਕਮਿਆਂ ਦੇ ਅਫ਼ਸਰ ਇਨ੍ਹਾਂ ਤਰੀਕਿਆਂ ਨੂੰ ਸਿਖਣਗੇ। ਜਦੋਂ ਉਹ ਸਿਖ ਜਾਣਗੇ ਤਾਂ ਆਪਣੇ-ਆਪਣੇ ਇਲਾਕੇ ਦੇ ਗ੍ਰਾਮ-ਸੇਵਕਾਂ ਨੂੰ ਇਹ ਨਵੇਂ ਤਰੀਕੇ ਸਿਖਾਉਣਗੇ। ਕੰਮ ਸਿਖ ਕੇ ਇਹ ਗ੍ਰਾਮ-ਸੇਵਕ ਪਿੰਡ-ਪਿੰਡ ਵਿਚ ਫਿਰਨਗੇ ਅਤੇ ਉਥੋਂ ਦੇ ਸਿਆਣੇ ਕਿਸਾਨਾਂ ਨੂੰ ਇਹ ਨਵੇਂ ਤਰੀਕੇ ਸਿਖਾਉਣਗੇ।

ਪਹਿਲੀ ਯੋਜਨਾ ਵਿਚ ਇੰਨਾਂ ਕੰਮ ਹੀ ਹੋਵੇਗਾ।

ਦੂਸਰੀ ਯੋਜਨਾ ਵਿਚ ਹਰੀ ਖਾਦ ਦੇਣ ਉਪਰ ਜ਼ੋਰ ਦਿਤਾ ਜਾਵੇਗਾ।

ਹਰੀ ਖਾਦ ਨਾਲ ਖੇਤ ਦੀ ਮਿੱਟੀ ਨੂੰ ਬਹੁਤ ਤਾਕਤ ਮਿਲਦੀ ਹੈ ਅਤੇ ਫ਼ਸਲ ਚੰਗੀ ਹੁੰਦੀ ਹੈ। ਹਰੀ ਖਾਦ ਲਈ ਸਨਈ, ਢੇਂਚਾ, ਮੂੰਗ, ਕੁਲਥੀ ਨੀਲ ਅਤੇ ਲੋਬੀਆ ਆਦਿਕ ਦੀ ਫ਼ਸਲ ਬਹੁਤ ਹੁੰਦੀ ਹੈ।

ਇਕ ਏਕੜ ਜ਼ਮੀਨ ਵਿਚ ਹਰੀ ਖਾਦ ਬੀਜਣ ਤੇ ਦਸ ਏਕੜ ਜ਼ਮੀਨ ਲਈ ਖਾਦ ਮਿਲ ਜਾਂਦੀ ਹੈ। ਇਸ ਤਰ੍ਹਾਂ ਖਾਦ ਵਧਾ ਕੇ ਉਪਜ ਵਧਾਈ ਜਾਵੇਗੀ।

•

# ਖਾਦ ਸੰਬੰਧੀ ਕਹਾਵਤਾਂ

੧. ਹਾੜ ਵਿਚ ਖਾਦ ਖੇਤ ਵਿਚ ਜਾਵੇ।
ਤਦ ਮੁੱਠੀ ਭਰ ਦਾਣਾ ਪਾਵੇ।

੨. ਖਾਦ ਪਵੇ ਤਾਂ ਖੇਤ।
ਨਹੀਂ ਤਾਂ ਕੂੜਾ ਰੇਤ।

੩. ਖਾਦ ਦਿਓ ਤਾਂ ਹੋਵੇ ਖੇਤੀ।
ਨਹੀਂ ਤਾਂ ਰਹੇ ਨਦੀ ਦੀ ਰੇਤੀ।

੪. ਖਾਦੀ ਕੂੜਾ ਨਾ ਟਰੈ।
ਕਰਮ ਲਿਖਾ ਟਰ ਜਾਏ।

ਰਹਿਮਨ ਕਹੇ ਬੁਝਾਏ ਕੇ।
ਖੇਤ ਪਾਸ ਪਰ ਜਾਏ।

੫. ਖੇਤੀ ਕਰੇ ਖਾਦ ਨਾਲ ਭਰੇ।
ਸੌ ਮਣ ਕੋਠੀ ਵਿਚ ਲੈ ਧਰੇ।

੬. ਰਜ ਵਾਹੇ ਤੇ ਪਾਵੇ ਖਾਦ।
ਤਦ ਦੇਖ ਗੇਹੂੰ ਦਾ ਸੁਆਦ।

੭. ਗੋਹਾ, ਮੈਲਾ, ਨਿਮ ਦੀ ਖਲੀ ।
ਇਸ ਤੋਂ ਖੇਤੀ ਦੂਣੀ ਫਲੀ ।

੮. ਗੋਹਾ, ਸੁਆਹ ਪਾਣੀ ਸੜੇ ।
ਤਦ ਖੇਤੀ ਵਿਚ ਦਾਣਾ ਪਵੇ ।

੯. ਜਾ ਕੇ ਪਾਓ ਗੋਹਾ ਖਾਦ ।
ਤਦ ਦੇਖੋ ਖੇਤੀ ਦਾ ਸੁਆਦ ।

੧੦. ਜੇਕਰ ਦੇਵੋ ਨਿਮ ਦੀ ਜੂਠੀ ।
ਸਭ ਖਾਦਾਂ ਤੋਂ ਰਹੇ ਅਨੂਠੀ ।

੧੧. ਜੇਕਰ ਖੇਤ 'ਚ ਪਵੇ ਨਾ ਗੋਬਰ ।
ਉਹੋ ਕਿਸਾਨ ਦਾ ਜਾਣੋ ਦੂਬਰ ।

੧੨. ਦੇਵੋ ਖਾਦ ਤਾਂ ਹੋਵੇ ਖੇਤੀ ।
ਨਹੀਂ ਤਾਂ ਰਹੇ ਨਦੀ ਦੀ ਰੇਤੀ ।

੧੩. ਓਹੋ ਕਿਸਾਨਾਂ ਵਿਚ ਹੈ ਪੂਰਾ ।
ਜੋ ਪਾਵੇ ਹਡੀ ਦਾ ਚੂਰਾ ।

੧੪. ਸਨ ਦੇ ਡੰਡਲ ਖੇਤ 'ਚ ਪਾਵੇ ।
ਉਸ ਤੋਂ ਲਾਭ ਚੌਗੁਣਾ ਆਵੇ ।

੧੫. ਗੋਬਰ ਚੋਕਰ, ਚੁਕਵਰ, ਰੂਸਾ ।
ਇਨ੍ਹਾਂ ਨੂੰ ਪਾਵੇ, ਹੋਇ ਨਾ ਭੂਸਾ ।

੧੬. ਜੇ ਨਾ ਪਾਏ ਖਾਦ ਕਿਸਾਨ ।
ਘਰੋਂ ਨਾ ਨਿਕਲੇ ਦਲਿਦਰ ਜਾਣ ।

●